# Switchover Help Scheme: Punjabi

## ਸ਼ਵਿੱਚੋਵਰ ਹੈਲਪ ਸਕੀਮ

ਅਸੀਂ ਤੁਹਾਨੂੰ ਤੁਹਾਡੇ ਟੀ.ਵੀ ਨੂੰ ਡਿਜਿਟਲ ਵਿੱਚ ਬਦਲਣ ਦੀ ਮੱਦਦ ਕਰ ਸਕਦੇ ਹਾਂ ਜੇਕਰ:

- ਤੁਹਾਡੀ ਉਮਰ 75 ਜਾਂ ਇਸ ਤੋਂ ਵੱਧ ਦੀ ਹੈ, ਜਾਂ
- ਤੁਸੀਂ ਦੇਖ-ਰੇਖ ਦੇ ਹੋਮ ਵਿੱਚ ਛੇ ਮਹੀਨੇ ਜਾਂ ਵਧ ਸਮੇਂ ਲਈ ਰਹੇ ਹੋ, ਜਾਂ
- ਕੁਝ ਅਯੋਗਤਾ ਦੇ ਲਾਭ ਲੈਂਦੇ ਹੋ (ਜਾਂ ਲੈ ਸਕਦੇ ਹੋ), ਜਾਂ
- ਤੁਸੀਂ ਪੂਰੇ ਤੌਰ ਤੇ ਜਾਂ ਅੰਸ਼ਕ ਰੂਪ ਨਾਲ ਰਜਿਸਟਰਡ ਕੀਤੇ ਹੋਏ ਨੇਤਰਹੀਨ ਹੋ

## ਡਿਜਿਟਲ ਟੀ.ਵੀ. ਸਵਿੱਚੋਵਰ ਨਾਲ ਮੱਦਦ ਮਿਲ ਸਕਦੀ ਹੈ

ਪੂਰੇ ਯੂ.ਕੇ. ਵਿੱਚ ਟੀ.ਵੀ. ਡਿਜਿਟਲ ਬਣ ਰਿਹਾ ਹੈ ਅਤੇ ਛੇਤੀ ਹੀ ਪਰੰਪਰਾਗਤ ਟੀ.ਵੀ. ਤੁਹਾਡੇ ਖੇਤਰ ਵਿੱਚ ਬੰਦ ਹੋ ਜਾਵੇਗਾ। ਜੇਕਰ ਤਬਦੀਲ ਕੀਤੇ ਜਾਣ ਵਾਲੇ ਸਮੇਂ ਤੱਕ ਤੁਹਾਡੇ ਕੋਲ ਡਿਜਿਟਲ ਟੀ.ਵੀ. ਨਹੀਂ ਹੈ, ਤਾਂ ਤੁਹਾਡੀ ਟੀ.ਵੀ. ਦੀ ਸੇਵਾ ਖ਼ਤਮ ਹੋ ਜਾਵੇਗੀ। ਪਰ ਤੁਹਾਨੂੰ ਚਿੰਤਾ ਕਰਣ ਦੀ ਲੋੜ ਨਹੀਂ ਹੈ। ਸਵਿੱਚੋਵਰ ਹੈਲਪ ਸਕੀਮ ਮੱਦਦ ਲਈ ਹੈ।

## ਸਵਿੱਚੋਵਰ ਹੈਲਪ ਸਕੀਮ ਕੀ ਕਰਦੀ ਹੈ?

ਅਸੀਂ ਯੋਗਤਾ ਰੱਖਦੇ ਲੋਕਾਂ ਨੂੰ ਉਨ੍ਹਾਂ ਦੇ **ਇਕ** ਟੀ.ਵੀ. ਸੈਟ ਨੂੰ ਡਿਜਿਟਜ ਕਰਣ ਵਿੱਚ ਮੱਦਦ ਦਿੰਦੇ ਹਾਂ। ਜੇਕਰ ਤੁਸੀਂ ਇਸ ਲਈ ਯੋਗਤਾ ਰੱਖਦੇ ਹੋ ਤਾਂ, ਅਸੀਂ ਤੁਹਾਨੂੰ ਡਿਜਿਟਲ ਟੀ.ਵੀ. ਬਾਰੇ ਸਾਫ਼ ਅਤੇ ਸਾਧਾਰਣ ਰੂਪ ਨਾਲ ਸਮਝਾਵਾਂਗੇ। ਅਸੀਂ ਤੁਹਾਨੂੰ ਉਪਲਬਧ ਸਾਰੇ ਵਿਕਲਪਾਂ ਬਾਰੇ ਦੱਸਾਂਗੇ। ਅਸੀਂ ਉਹ ਚੀਜ਼ ਤੁਹਾਡੇ ਘਰ ਵਿੱਚ ਲਗਾ ਸਕਦੇ ਹਾਂ ਜਿਹਦੀ ਲਗਾਣ ਦੀ ਲੋੜ ਹੈ। ਅਤੇ ਇਸ ਗੱਲ ਨੂੰ ਪੱਕਾ ਕਰਾਂਗੇ ਕਿ ਤੁਸੀਂ ਜਾਣ ਕੇ ਖ਼ੁਸ਼ ਹੋਵੋਂ ਕਿ ਇਹ ਕਿਵੇਂ ਕੰਮ ਕਰਦਾ ਹੈ।

## ਮੈਨੂੰ ਕਿਵੇਂ ਪਤਾ ਚਲੇਗਾ ਕਿ ਮੇਰੇ ਕੋਲ ਡਿਜਿਟਲ ਟੀ.ਵੀ. ਹੈ?

ਜੇਕਰ ਤੁਸੀਂ ਪੰਜ ਤੋਂ ਵਧ ਚੈਨਲ ਆਪਣੇ ਟੀ.ਵੀ. 'ਤੇ ਪਾਂਦੇ ਹੋ ਤਾਂ, ਸ਼ਾਇਦ ਤੁਹਾਡੇ ਕੋਲ ਪਹਿਲਾਂ ਹੀ ਡਿਜਿਟਲ ਟੀ.ਵੀ. ਹੈ। ਜੇਕਰ ਨਹੀਂ ਹੈ ਤਾਂ, ਤੁਹਾਨੂੰ ਸਾਡੀ ਮੱਦਦ ਦੀ ਲੋੜ ਪੈ ਸਕਦੀ ਹੈ। ਅਸੀਂ ਇਹਨੂੰ ਤੁਹਾਡੇ ਲਈ ਸੁਖਾਵਾਂ ਕਰਾਂਗੇ ਕਿ ਤੁਸੀਂ ਡਿਜਿਟਲ ਟੀ.ਵੀ. ਪ੍ਰਾਪਤ ਕਰੋਂ ਅਤੇ ਤੁਹਾਨੂੰ ਤੁਹਾਡੇ ਟੀ.ਵੀ. ਸੈਟ ਨੂੰ ਬਦਲਣਾ ਵੀ ਨਾ ਪਵੇ।

## ਕੀ ਮੈਂ ਇਸਦੇ ਯੋਗ ਹਾਂ?

**ਅਸੀਂ ਤੁਹਾਨੂੰ ਮੱਦਦ ਕਰ ਸਕਦੇ ਹਾਂ ਜੇਕਰ ਤੁਸੀਂ:**

- 75 ਸਾਲ ਜਾਂ ਵਧ ਦੀ ਉਮਰ ਦੇ ਹੋ, ਜਾਂ
- ਕੇਅਰ ਹੋਮ ਵਿਖੇ ਛੇ ਮਹੀਨੇ ਜਾਂ ਵਧ ਸਮੇਂ ਲਈ ਰਹੇ ਹੋ, ਜਾਂ
- ਤੁਹਾਨੂੰ ਹੇਠ ਲਿਖੇ ਮਿਲਦੇ ਹਨ (ਜਾਂ ਮਿਲ ਸਕਦੇ ਹਨ):

- ਡਿਸੇਬਿਲਿਟੀ ਅਲਾਊਂਸ, ਜਾਂ
- ਅਟੈਂਡੰਸ ਜਾਂ ਕੌਨੰਸਟੈਂਟ ਅਲਾਊਂਸ, ਜਾਂ
- ਮੋਬਿਲਿਟੀ ਸਪਲੀਮੈਂਟ, ਜਾਂ

• ਤੁਸੀਂ ਪੂਰੇ ਰੂਪ ਨਾਲ ਜਾਂ ਅੰਸ਼ਕ ਰੂਪ ਨਾਲ ਨੇਤਰਹੀਨ ਹੋ।

**ਮੈਨੂੰ ਕਿਨੀਂ ਕੀਮਤ ਦੇਣੀ ਪਵੇਗੀ?**
ਹੇਠ ਲਿਖਿਆਂ ਲਈ ਅਸੀਂ ਤੁਹਾਨੂੰ £40 ਦੀ ਕੀਮਤ ਦੇਣ ਲਈ ਕਹਾਂਗੇ:
• ਆਸਾਨੀ ਨਾਲ ਵਰਤਿਆ ਜਾਣ ਵਾਲਾ ਉਪਕਰਣ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦਾ ਹੋਵੇ
• ਉਪਕਰਣ ਨੂੰ ਲਗਾਣ ਵਿੱਚ ਮੱਦਦ ਲਈ
• ਨਵਾਂ ਡਿਸ਼ ਜਾਂ ਏਰਿਅਲ, ਜਿਥੇ ਅਸੀਂ ਲਗਾ ਸਕੀਏ, ਜੇਕਰ ਤੁਹਾਨੂੰ ਇਸਦੀ ਲੋੜ ਹੋਵੇ (ਕੁਝ ਹਾਲਤਾਂ ਵਿੱਚ ਇਸ ਸੇਵਾ ਲਈ ਵਧ ਕੀਮਤ ਲਿੱਤੀ ਜਾ ਸਕਦੀ ਹੈ)
• ਲਗਾ ਕੇ ਵਿਖਾਣਾ ਅਤੇ ਚਲਾਣ ਦੌਰਾਨ ਕਿਸੇ ਦੀ ਮੱਦਦ ਲੈਣ ਲਈ।

ਇਹ ਸੇਵਾ **ਮੁਫ਼ਤ** ਹੈ ਜੇਕਰ:
• ਤੁਹਾਨੂੰ ਪੈਨਸ਼ੰਨ ਕ੍ਰੈਡਿਟ, ਇਨਕਮ ਸਪੋਰਟ ਜਾਂ ਆਮਦਨ ਦੇ ਆਧਾਰ ‘ਤੇ ਜੌਬਸੀਕਰਸ ਅਲਾਊਂਸ ਮਿਲਦਾ ਹੈ।

ਵਧ ਕੀਮਤ ‘ਤੇ ਕੋਈ ਹੋਰ ਵਿਕਲਪ ਉਪਲਬਧ ਹਨ, ਜੋ ਅਸੀਂ ਤੁਹਾਨੂੰ ਦੱਸ ਸਕਦੇ ਹਾਂ।

**ਮੈਂ ਹੁਣ ਕੀ ਕਰਾਂ?**
ਜੇਕਰ ਤੁਸੀਂ ਸਵਿੱਚੋਵਰ ਹੈਲਪ ਸਕੀਮ ਲਈ ਯੋਗ ਹੋ ਤਾਂ, ਅਸੀਂ ਤੁਹਾਨੂੰ ਕਾਫ਼ੀ ਖੁਲੇ ਸਮੇਂ ਵਿੱਚ ਲਿਖਾਂਗੇ ਕਿ ਕੀ ਤੁਹਾਨੂੰ ਮੱਦਦ ਦੀ ਲੋੜ ਹੈ।

ਕਿਰਪਾ ਕਰ ਕੇ ਨੋਟ ਕਰੋ ਕਿ ਮੱਦਦ ਲੈਣ ਲਈ ਤੁਹਾਡੇ ਕੋਲ ਵੈਧ ਟੀ.ਵੀ. ਲਾਇਸੈਂਸ ਹੋਣਾ ਜ਼ਰੂਰੀ ਹੈ (ਇਹ ਮੁਫ਼ਤ ਹੈ ਜੇਕਰ ਤੁਸੀਂ ਦੀ ਉਮਰ ਤੋਂ ਵਧ ਹੋ)।

**ਕਿਸੇ ਹੋਰ ਨੂੰ ਜਾਣਦੇ ਹੋ ਜਿਹਨੂੰ ਮੱਦਦ ਦੀ ਲੋੜ ਹੈ?**
ਤੁਹਾਡੇ ਸਥਾਨਕ ਸਮਾਜ ਵਿੱਚ ਤੁਹਾਡੇ ਦੋਸਤ ਜਾਂ ਪਰਿਵਾਰ ਹੋਣਗੇ ਜਿਨ੍ਹਾਂ ਨੂੰ ਸਵਿੱਚੋਵਰ ਨਾਲ ਮੱਦਦ ਦੀ ਲੋੜ ਹੋਵੇਗੀ। ਜੇਕਰ ਹਾਂ ਤਾਂ, ਕਿਰਪਾ ਕਰ ਕੇ ਇਸ ਜਾਣਕਾਰੀ ਨੂੰ ਉਨ੍ਹਾਂ ਨੂੰ ਦੇ ਦਵੋ।

**Switchover Help Scheme: Punjabi**

ਵਧੇਰੇ ਜਾਣਕਾਰੀ ਲਈ, ਸਾਨੂ ਨੰਬਰ 0800 40 85 900 ‘ਤੇ ਮੁਫ਼ਤ ਕੱਾਲ ਕਰੋ ਜਾਂ ਇਸ ਵੈਬਸਾਈਟ ਨੂੰ ਦੇਖੋ www.helpscheme.co.uk
ਲਾਈਨਾਂ ਸਵੇਰੇ 8 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ, ਹਫ਼ਤੇ ਦੇ 7 ਦਿਨ ਖੁਲੀਆਂ ਹਨ।

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਆਕਾਰ ਵਿੱਚ ਚਾਹੀਦੀ ਹੈ ਜਿਵੇਂ ਕਿ, ਵੱਡਾ ਪ੍ਰਿੰਟ, ਆਸਾਨੀ ਨਾਲ ਪੜ੍ਹਿਆ ਜਾਣ ਵਾਲਾ, ਸੁਣਾਈ ਦੇਣ ਦੇ ਤਰੀਕੇ, ਬ੍ਰੇਲ ਜਾਂ ਕਿਸੇ ਦੂਜੀ ਭਾਸ਼ਾ ਵਿੱਚ ਚਾਹੀਦੀ ਹੈ ਤਾਂ, ਕਿਰਪਾ ਕਰ ਕੇ ਇਸ ਨੰਬਰ ‘ਤੇ ਫ਼ੋਨ ਕਰੋ **0800 40 85 900.**

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਅੜਚਨ ਹੈ, ਤਾਂ ਤੁਸੀਂ ਸਾਡੇ ਟੈਕਸਟਫ਼ੋਨ ਦੀ ਸੇਵਾ ਨੂੰ ਨੰਬਰ **0845 40 85 936** ‘ਤੇ ਸੰਪਰਕ ਕਰ ਸਕਦੇ ਹੋ।

**ਸਵਿੱਚੋਵਰ ਹੈਲਪ ਸਕੀਮ ਬੀ.ਬੀ.ਸੀ. ਦੁਆਰਾ ਸਰਕਾਰ ਨਾਲ ਇਕ ਸਮਝੌਤੇ ਦੇ ਅਧੀਨ ਚਲਾਈ ਜਾਂਦੀ ਹੈ। ਅਸੀਂ ਬੁਜ਼ਰਗ ਅਤੇ ਅਯੋਗਤਾ ਵਾਲੇ ਲੋਕਾਂ ਨੂੰ ਮੱਦਦ ਕਰਦੇ ਹਾਂ ਜੋ ਡਿਜਿਟਲ ਟੀ.ਵੀ. ਵਿੱਚ ਬਦਲਣ ਲਈ ਅੜਚਨਾ ਦਾ ਸਾਹਮਣਾ ਕਰਦੇ ਹੋਣ।**

ਸਵਿੱਚੋਵਰ ਹੈਲਪ ਸਕੀਮ eaga plc, eaga House, Archbold Terrace, Newcastle upon Tyne, NE2 1DB ਚਲਾਈ ਜਾਂਦੀ ਹੈ। ਕੰਪਨੀ ਰਜਿਸਟ੍ਰੇਸ਼ਨ ਨੰਬਰ 3858865.